# ਪ੍ਰੈਸ ਨੋਟ

ਸ੍ਰੀ ਰਾਜ ਬਚਨ ਸਿੰਘ ਸੰਧੂ, ਸੀਨੀਅਰ ਪੁਲਿਸ ਕਪਤਾਨ ਰੂਪਨਗਰ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹਾ ਅੰਦਰ ਦੋ ਪਹੀਆ ਵਾਹਨ ਅਤੇ ਚਾਰ ਪਹੀਆ ਵਾਹਨ ਚੋਰੀ ਦੇ ਲੈਣ-ਦੇਣ ਕਰਨ ਵਾਲੇ ਵਿਅਕਤੀਆਂ ਬਾਰੇ ਆਉਣ ਵਾਲੇ ਦਿਨਾਂ ਵਿੱਚ ਖੁਲਾਸਾ ਹੋਰ ਦੀ ਸੰਭਾਵਨਾ ਹੈ।ਜਿਹਨਾ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਾਹਨ ਚੋਰੀ ਦੇ ਵਹੀਕਲਾਂ ਨੂੰ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸ੍ਰੀ ਨਵਰੀਤ ਸਿੰਘ ਵਿਰਕ ਡੀ.ਐਸ.ਪੀ. ਸ੍ਰੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਇੰਸਪੈਕਟਰ ਕੁਲਭੂਸਣ ਸ਼ਰਮਾਂ ਮੁੱਖ ਅਫਸਰ ਥਾਣਾ ਮੋਰਿੰਡਾ ਵਲੋ ਸਮੇਤ ਪੁਲਿਸ ਪਾਰਟੀ ਮੋਰਿੰਡਾ ਸਹਿਰ ਵਿਖੇ ਕਬਾੜੀਆਂ ਦੀਆਂ ਦੁਕਾਨਾ ਤੇ ਛਾਪੇਮਾਰੀ ਕੀਤੀ ਗਈ।ਜੋ ਛਾਪੇਮਾਰੀ ਦੌਰਾਨ ਕੁੱਲ 83 ਵਹੀਕਲ ਜਿਹਨਾ ਵਿੱਚੋ ਕਬਾੜੀਆ ਰਾਜ ਕੁਮਾਰ ਪੁੱਤਰ ਚਰਨ ਦਾਸ ਵਾਸੀ ਬਲਦੇਵ ਨਗਰ ਪਾਸੋ ਕੁੱਲ 19 ਵਹੀਕਲ,ਕਬਾੜੀਆ ਦਰਸ਼ਨ ਸਿੰਘ ਪੁੱਤਰ ਜੰਮੂ ਰਾਮ ਵਾਸੀ ਬਲਦੇਵ ਨਗਰ ਮੋਰਿੰਡਾ ਪਾਸੋ 11 ਵਹੀਕਲ,ਕਬਾੜੀਆ ਮੇਵਾ ਸਿੰਘ ਪੁੱਤਰ ਜਗੀਰ ਚੰਦ ਵਾਸੀ ਬਲਦੇਵ ਨਗਰ ਮੋਰਿੰਡਾ ਪਾਸੋ ਕੁੱਲ 11 ਵਹੀਕਲ,ਕਬਾੜੀਆ ਬਿੱਟੂ ਰਾਮ ਪੁਤਰ ਰਾਝਾ ਰਾਮ ਵਾਸੀ ਬਲਦੇਵ ਨਗਰ ਮੋਰਿੰਡਾ ਪਾਸੋ 37 ਵਹੀਕਲ ਅਤੇ ਕਬਾੜੀਆ ਫਤਿਹ ਚੰਦ ਪੁੱਤਰ ਸ਼ਿਗਾਰਾ ਰਾਮ ਵਾਸੀ ਬਲਦੇਵ ਨਗਰ ਮੋਰਿੰਡਾ ਪਾਸੋ ਕੁੱਲ 5 ਵਹੀਕਲ ਕਬਾੜ ਦੀਆ ਦੁਕਾਨਾ ਤੋ ਮਿਲੇ ਹਨ।ਇਹਨਾ ਬਾਰੇ ਇਹ ਮੋਕਾ ਤੇ ਕੋਈ ਵੀ ਦਸਤਾਵੇਜ ਪੇਸ਼ ਨਹੀ ਕਰ ਸਕੇ।ਜਿਹਨਾ ਨੂੰ ਚੋਰੀ ਦਾ ਮਾਲ ਹੋਣ ਦਾ ਸ਼ੱਕ ਸਮਝਦਿਆਂ ਧਾਰਾ 102 CRPC ਤਹਿਤ ਕਬਜਾ ਪੁਲਿਸ ਵਿੱਚ ਲੈ ਕੇ ਤਫਤੀਸ਼ ਕੀਤੀ ਜਾ ਰਹੀ ਹੈ।ਤਫਤੀਸ਼ ਦੌਰਾਨ ਜੋ ਵੀ ਤੱਥ ਸਾਹਮਣੇ ਆਉਣਗੇ ਉਸ ਅਨੁਸਾਰ ਅਗਲੇਰੀ ਲੋੜੀਦੀ ਕਾਰਵਾਈ ਅਮਲ ਵਿੱਚ ਲਿਆਦੀਂ ਜਾਵੇਗੀ।